83

# ਪ੍ਰਭੂ ਲਈ ਫਲ ਲਿਆਉਣਾ

## ਯੂਹੰਨਾ 15:1-12, ਇਕ ਠੋਸ ਝਾਤ

ਉਪਰਲਾ ਕਮਰਾ, ਪਸਾਹ ਦਾ ਪਰਬ, ਨੇੜੇ ਆ ਰਹੀ ਸਲੀਬ, ਚੇਲਿਆਂ ਨੂੰ ਤਿਆਰ ਕਰਨ ਦੀ ਲੋੜ, ਇਹ ਸਭ ਯੂਹੰਨਾ 14–16 ਦੇ ਯਿਸੂ ਦੇ ਲਾਸਾਨੀ ਵਿਦਾਈ ਸੰਦੇਸ਼ ਦੀ ਤਿਆਰੀ ਲਈ ਸੀ। ਇਸ ਸੰਦੇਸ਼ ਦੇ ਦੌਰਾਨ, ਪ੍ਰਭੂ ਨੇ ਵੇਲ ਅਤੇ ਟਹਿਣੀਆਂ ਤੇ ਇਕ ਚੁਣੌਤੀ ਭਰਿਆ ਉਪਦੇਸ਼ ਦਿੱਤਾ।

ਵਿਦਵਾਨਾਂ ਨੇ ਮਸੀਹ ਵੱਲੋਂ ਵਰਤੀ ਗਈ ਖ਼ੁਦਾ ਦੀ ਪ੍ਰੇਰਣਾ ਵਿੱਚੋਂ ਦਿੱਤੇ ਗਏ ਰੂਪਕ ਬਾਰੇ ਵੱਖ ਵੱਖ ਅੰਦਾਜ਼ੇ ਲਾਏ ਹਨ। ਸ਼ਾਇਦ ਪ੍ਰਭੂ ਭੋਜ ਦੀ ਸਥਾਪਨਾ ਲਈ ਵਰਤੀ ਗਈ ਵੇਲ ਦਾ ਫਲ ਹੀ ਸੀ। ਹੋ ਸਕਦਾ ਹੈ ਕਿ ਘਰ ਦੇ ਇਕ ਪਾਸੇ ਵੇਲ ਦੀਆਂ ਕਿਆਰੀਆਂ ਹੋਣ ਅਤੇ ਓਹ ਝਰੋਖੇ ਵਿੱਚੋਂ ਵੇਖੀਆਂ ਜਾ ਸਕਦੀਆਂ ਹੋਣ। ਜੇ ਯਿਸੂ ਦੇ ਸੰਦੇਸ਼ ਦਾ ਆਖ਼ਰੀ ਭਾਗ ਕਹਿਣ ਤੋਂ ਪਹਿਲਾਂ ਉਹ ਉਪਰਲੇ ਕਮਰੇ ਵਿੱਚੋਂ ਚਲੇ ਗਏ (ਵੇਖੋ ਯੂਹੰਨਾ 14:31), ਤਾਂ ਇਸ ਛੋਟੇ ਝੁੰਡ ਨੇ ਦਾਖ ਦਾ ਬਾਗ ਵੇਖਿਆ ਹੋਵੇਗਾ। ਉਹ ਸੁਨਿਹਰੀ ਦਾਖਾਂ ਅਤੇ ਅੰਗੂਰ ਦੇ ਗੁੱਛਿਆਂ ਨੂੰ ਵੇਖਦੇ ਹੋਏ ਹੈਕਲ ਦੇ ਕੋਲੋਂ ਦੀ ਲੰਘੇ ਹੋਣਗੇ।[1] ਮਸੀਹ ਨੇ ਪੁਰਾਣੇ ਨੇਮ ਵਿੱਚੋਂ ਮਸ਼ਹੂਰ ਰੂਪਕ ਦੀ ਵਰਤੋਂ ਕਰਨੀ ਚਾਹੀ ਹੋਵੇਗੀ (ਜ਼ਬੂਰ 80; ਯਸਾਯਾਹ 5; ਯਿਰਮਿਯਾਹ 2)। ਯਕੀਨਨ ਹੀ ਉਸ ਨੇ ਦਾਖ ਦੇ ਰੂਪਕ ਦੀ ਵਰਤੋਂ ਇਸ ਲਈ ਵੀ ਕੀਤੀ ਹੋਵੇਗੀ, ਕਿਉਂਕਿ ਇਸ ਰੂਪਕ ਨੂੰ ਅਸਾਨੀ ਨਾਲ ਸਮਝਾਇਆ ਜਾ ਸਕਦਾ ਸੀ।

ਯਿਸੂ ਵੱਲੋਂ ਯਿਸੂ ਰੂਪਕ ਦੀ ਵਰਤੋਂ ਦੇ ਸਵਾਲ ਤੋਂ ਖਾਸ ਸਵਾਲ ਇਹ ਹੈ ਕਿ ਉਹ ਇਹ ਉਦਾਹਰਣ ਦੇ ਕੇ ਕੀ ਹਾਸਲ ਕਰਨਾ ਚਾਹੁੰਦਾ ਸੀ। ਕੁਝ ਸਮੇਂ ਬਾਅਦ ਉਸ ਨੇ ਧਰਤੀ ਤੋਂ ਚਲੇ ਜਾਣਾ ਸੀ। ਉਸ ਦੇ ਚੇਲਿਆਂ ਨੇ ਉਸ ਦੇ ਕੰਮ ਨੂੰ ਅੱਗੇ ਵਧਾਉਣਾ ਸੀ। ਉਨ੍ਹਾਂ ਨੂੰ ਇਹ ਸਮਝ ਹੋਣੀ ਜ਼ਰੂਰੀ ਸੀ ਕਿ ਇਸ ਨੂੰ ਕਿਵੇਂ ਪੂਰਾ ਕੀਤਾ ਜਾਵੇ। ਪ੍ਰਭੂ ਦਾ ਇਨ੍ਹਾਂ ਗੱਲਾਂ ਨੂੰ ਕਹਿਣ ਦਾ ਪਿਛੋਕੜ ਇਹੀ ਹੈ:

> ਮੈਂ ਸੱਚੀ ਅੰਗੂਰ ਦੀ ਵੇਲ ਹਾਂ ਅਤੇ ਮੇਰਾ ਪਿਤਾ ਬਾਗਵਾਨ ਹੈ। ਹਰੇਕ ਟਹਿਣੀ ਜਿਹੜੀ ਮੇਰੇ ਵਿਚ ਹੈ ਅਰ ਫਲ ਨਹੀਂ ਦਿੰਦੀ ਉਹ ਉਸ ਨੂੰ ਲਾਹ ਸੁੱਟਦਾ ਹੈ ਅਤੇ ਹਰੇਕ ਜੋ ਫਲ ਦਿੰਦੀ ਹੈ ਉਹ ਉਸ ਨੂੰ ਛਾਂਗਦਾ ਹੈ ਤਾਂ ਜੋ ਹੋਰ ਵੀ ਫਲ ਦੇਵੇ। ਤੁਸੀਂ ਤਾਂ ਉਸ ਵਚਨ ਕਰਕੇ ਜੋ ਮੈਂ ਤੁਹਾਨੂੰ ਕਿਹਾ ਹੈ ਸਾਫ਼ ਹੋ ਚੁੱਕੇ । ਤੁਸੀਂ ਮੇਰੇ ਵਿਚ ਰਹੋ ਅਤੇ ਮੈਂ ਤੁਹਾਡੇ ਵਿਚ। ਜਿਸ ਪ੍ਰਕਾਰ ਟਹਿਣੀ ਜੇ ਉਹ ਅੰਗੂਰ ਦੀ ਵੇਲ ਵਿਚ ਨਾ ਰਹੇ ਆਪਣੇ ਆਪ ਫਲ ਨਹੀਂ ਦੇ ਸਕਦੀ ਇਸੇ ਪ੍ਰਕਾਰ ਤੁਸੀਂ ਵੀ ਜੇ ਮੇਰੇ ਵਿਚ ਨਾ ਰਹੋ ਫਲ ਨਹੀਂ ਦੇ ਸਕਦੇ। ਅੰਗੂਰ ਦੀ ਵੇਲ ਮੈਂ ਹਾਂ, ਤੁਸੀਂ ਟਹਿਣੀਆਂ ਹੋ। ਜੋ ਮੇਰੇ ਵਿਚ ਰਹਿੰਦਾ ਹੈ ਅਤੇ ਮੈਂ ਉਸ ਵਿਚ ਸੋਈ ਬਹੁਤਾ ਫਲ ਦਿੰਦਾ ਹੈ ਕਿਉਂ ਜੋ ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸਕਦੇ। ਜੇ ਕੋਈ ਮੇਰੇ ਵਿਚ ਨਾ ਰਹੇ ਤਾਂ ਉਹ ਟਹਿਣੀ ਦੀ ਨਿਆਈਂ ਬਾਹਰ ਸੁੱਟਿਆ ਜਾਂਦਾ ਅਤੇ ਸੁੱਕ ਜਾਂਦਾ ਹੈ ਅਰ ਲੋਕ ਉਨ੍ਹਾਂ ਨੂੰ ਇਕੱਲਿਆਂ ਕਰ ਕੇ ਅੱਗ ਵਿਚ ਝੋਕਦੇ ਹਨ ਅਤੇ ਓਹ ਸਾੜੀਆਂ ਜਾਂਦੀਆਂ ਹਨ। ਜੇ ਤੁਸੀਂ ਮੇਰੇ ਵਿਚ ਰਹੋ ਅਤੇ ਮੇਰੀਆਂ ਗੱਲਾਂ ਤੁਹਾਡੇ ਵਿਚ ਰਹਿਣ ਤਾਂ ਜੋ ਚਾਹੋ ਮੰਗੋ ਅਤੇ ਉਹ ਤੁਹਾਡੇ ਲਈ ਹੋ ਜਾਵੇਗਾ। ਮੇਰੇ ਪਿਤਾ ਦੀ ਵਡਿਆਈ ਇਸੇ ਤੋਂ ਹੁੰਦੀ ਹੈ ਜੋ ਤੁਸੀਂ ਬਹੁਤਾ ਫਲ ਦਿਓ ਅਰ ਇਉਂ ਤੁਸੀਂ ਮੇਰੇ ਚੇਲੇ ਹੋਵੋਗੇ। ਜਿਵੇਂ ਪਿਤਾ ਨੇ ਮੇਰੇ ਨਾਲ ਪਿਆਰ ਕੀਤਾ ਤਿਵੇਂ ਮੈਂ ਵੀ ਤੁਹਾਡੇ ਨਾਲ ਪਿਆਰ ਕੀਤਾ। ਤੁਸੀਂ ਮੇਰੇ ਪ੍ਰੇਮ ਵਿਚ ਰਹੋ। ਜੇਕਰ ਤੁਸੀਂ ਮੇਰੇ ਹੁਕਮਾਂ ਦੀ

ਪਾਲਨਾ ਕਰੋਗੇ ਤਾਂ ਮੇਰੇ ਪ੍ਰੇਮ ਵਿਚ ਰਹੋਗੇ ਜਿਵੇਂ ਮੈਂ ਆਪਣੇ ਪਿਤਾ ਦੇ ਹੁਕਮਾਂ ਦੀ ਪਾਲਨਾ ਕੀਤੀ ਹੈ ਅਤੇ ਉਹ ਦੇ ਪ੍ਰੇਮ ਵਿਚ ਰਹਿੰਦਾ ਹਾਂ। ਏਹ ਗੱਲਾਂ ਮੈਂ ਤੁਹਾਨੂੰ ਇਸ ਲਈ ਆਖੀਆਂ ਜੋ ਮੇਰੀ ਖੁਸ਼ੀ ਤੁਹਾਡੇ ਵਿਚ ਹੋਵੇ ਅਤੇ ਤੁਹਾਡੀ ਖੁਸ਼ੀ ਪੂਰੀ ਹੋ ਜਾਵੇ।

> ਮੇਰਾ ਹੁਕਮ ਇਹ ਹੈ ਭਈ ਤੁਸੀਂ ਇਕ ਦੂਏ ਨਾਲ ਪਿਆਰ ਕਰੋ ਜਿਵੇਂ ਮੈਂ ਤੁਹਾਡੇ ਨਾਲ ਪਿਆਰ ਕੀਤਾ। ... ਤੁਸਾਂ ਮੈਨੂੰ ਨਹੀਂ ਚੁਣਿਆ ਪਰ ਮੈਂ ਤੁਹਾਨੂੰ ਚੁਣਿਆ ਅਤੇ ਤੁਹਾਨੂੰ ਠਹਿਰਾਇਆ ਸੀ ਜੋ ਤੁਸੀਂ ਜਾ ਕੇ ਫਲਦਾਰ ਹੋਵੋ ਅਤੇ ਤੁਹਾਡਾ ਫਲ ਕਾਇਮ ਰਹੇ ਤਾਂ ਜੋ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਪਿਤਾ ਤੋਂ ਮੰਗੋ ਸੋ ਉਹ ਤੁਹਾਨੂੰ ਦੇਵੇ (ਯੂਹੰਨਾ 15:1–12, 16)।

ਇਹ ਸ਼ਬਦ ਮੂਲ ਰੂਪ ਵਿਚ ਰਸੂਲਾਂ ਤੋਂ ਕਹੇ ਗਏ ਸਨ ਅਤੇ ਉਨ੍ਹਾਂ ਲਈ ਇਨ੍ਹਾਂ ਦਾ ਖ਼ਾਸ ਮਹੱਤਵ ਸੀ (ਵੇਖੋ 15:16)। ਪਰ 1 ਤੋਂ 12 ਆਇਤਾਂ ਦੇ ਸੰਦੇਸ਼ ਦਾ ਸਾਰ ਹਰ ਮਸੀਹੀ ਲਈ ਹੈ।

ਇਨ੍ਹਾਂ ਆਇਤਾਂ ਵਿਚ ਤਿੰਨ ਵਿਸ਼ੇ ਮਿਲਦੇ ਹਨ: (1) ਖ਼ੁਦਾ ਦੇ ਹੁਕਮਾਂ ਦਾ ਪਾਲਨ ਕਰਨਾ, (2) ਖ਼ੁਦਾ ਲਈ ਫਲ ਲਿਆਉਣਾ ਅਤੇ (3) ਖ਼ੁਦਾ ਦੇ ਪਿਆਰ ਵਿਚ ਬਣੇ ਰਹਿਣਾ। ਤਿੰਨ ਲੱਤਾਂ ਵਾਲੇ ਸਟੂਲ ਵਾਂਗੂੰ, ਇਹ ਵਿਸ਼ੇ ਇਕ ਦੂਜੇ ਨੂੰ ਸਹਾਰਾ ਦਿੰਦੇ ਹਨ। ਇਹ ਸਰਮਨ ਦੂਜੇ ਅਰਥਾਤ ਫਲ ਲਿਆਉਣ ਬਾਰੇ ਅਤੇ ਫਲ ਲਿਆਉਣ ਦੇ ਇਕ ਖ਼ਾਸ ਪਹਿਲੂ ਤੇ ਕੇਂਦਰਿਤ ਹਰੇਗਾ।[2]

## ਫਲ ਲਿਆਉਣ ਦੀ ਅਸਲੀਅਤ

ਸਭ ਆਇਤਾਂ ਵਿਚ ਅਹਿਮ ਵਿਚਾਰ ਇਹੀ ਹੈ ਕਿ ਵੇਲ ਦੀਆਂ ਟਹਿਣੀਆਂ ਦਾ ਕੋਈ ਮਕਸਦ ਹੈ, ਅਤੇ ਉਹ ਮਕਸਦ *ਫਲ ਲਿਆਉਣਾ* ਹੈ (ਆਇਤਾਂ 2, 4, 5, 8)। ਕਿਸਾਨ ਅਜਿਹੀ ਕਿਸੇ ਟਹਿਣੀ ਨੂੰ ਬਣਿਆ ਨਹੀਂ ਰਹਿਣ ਦੇ ਸਕਦਾ, ਜੋ ਆਪਣਾ ਮਕਸਦ ਪੂਰਾ ਨਾ ਕਰਦੀ ਹੋਵੇ, ਕਿਉਂਕਿ ਫਲ ਨਾ ਲਿਆਉਣ ਵਾਲੀਆਂ ਟਹਿਣੀਆਂ ਫਲ ਲਿਆਉਣ ਵਾਲੀਆਂ ਟਹਿਣੀਆਂ ਦਾ ਖਾਣਾ ਖਾ ਸਕਦੀਆਂ ਹਨ, ਇਸ ਕਰਕੇ ਉਨ੍ਹਾਂ ਨੂੰ ਵੇਲ ਤੋਂ ਕੱਟ ਦਿੱਤਾ ਜਾਂਦਾ ਹੈ (ਆਇਤਾਂ 2, 6)। ਇਸੇ ਤਰ੍ਹਾਂ, ਮਸੀਹੀ ਲੋਕਾਂ ਦੇ ਰੂਪ ਵਿਚ ਸਾਡਾ ਮਕਸਦ ਹੈ, ਫਲ ਲਿਆਉਣਾ। ਯਿਸੂ ਨੇ ਕਿਹਾ, ''ਮੇਰੇ ਪਿਤਾ ਦੀ ਵਡਿਆਈ ਇਸੇ ਤੋਂ ਹੁੰਦੀ ਹੈ ਜੋ ਤੁਸੀਂ ਬਹੁਤਾ ਫਲ ਦਿਓ ਅਰ ਇਓਂ ਤੁਸੀਂ ਮੇਰੇ ਚੇਲੇ ਹੋਵੋਗੇ'' (ਆਇਤ 8)। ਫਲ ਲਿਆਉਣਾ ਕੋਈ ਬਦਲ ਨਹੀਂ ਹੈ। ਫਲ ਲਿਆਉਣਾ ਦੂਜੇ ਮਸੀਹੀ ਲੋਕਾਂ ਦੇ ਕੰਮ ਦਾ ਵਾਧੂ ਹਿੱਸਾ ਨਹੀਂ ਹੈ। ਫਲ ਲਿਆਉਣਾ ਸਾਡਾ ਮਕਸਦ ਹੈ; ਇਹੀ ਤਾਂ ਹੈ ਮਸੀਹ ਦੇ ਮਗਰ ਚਲਣਾ। ਜੇ ਅਸੀਂ ਫਲ ਨਹੀਂ ਲਿਆਉਂਦੇ ਹਾਂ ਤਾਂ ਅਸੀਂ ਆਪਣੇ ਹੋਣ ਦਾ ਮਕਸਦ ਗੁਆ ਦਿੰਦੇ ਹਾਂ।

ਅਸੀਂ ਕੀ ''ਫਲ'' ਲਿਆਉਣਾ ਹੈ? ਨਵੇਂ ਨੇਮ ਵਿਚ ''ਫਲ'' ਸ਼ਬਦ ਦੀ ਵਰਤੋਂ ਕਈ ਰੂਪਾਂ ਵਿਚ ਕੀਤੀ ਗਈ ਹੈ।[3] ਕੁਝ ਲੋਕਾਂ ਦਾ ਮੰਨਣਾ ਹੈ ਕਿ ਯੂਹੰਨਾ 15 ਵਿਚ ਦਿੱਤਾ ਗਿਆ ''ਫਲ'' ''ਆਤਮਾ ਦਾ ਫਲ'' ਹੀ ਹੈ। ਪੌਲੁਸ ਨੇ ਲਿਖਿਆ ਹੈ ਕਿ ''ਆਤਮਾ ਦਾ ਫਲ ਇਹ ਹੈ–ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, ਸੰਜਮ'' (ਗਲਾਤੀਆਂ 5:22, 23)। ਇਸ ਨਾਲ ਬਹੁਤ ਮੇਲ ਖਾਂਦੇ ਹੋਏ, ਕੁਝ ਲੋਕ ਜ਼ੋਰ ਦਿੰਦੇ ਹਨ ਕਿ ਅਸੀਂ ਆਪਣੀਆਂ ਜ਼ਿੰਦਗੀਆਂ ਵਿਚ ਮਸੀਹ ਵਾਲੀਆਂ ਖੂਬੀਆਂ ਨੂੰ ਵਧਾਉਂਦੇ ਹੋਏ ''ਫਲ ਲਿਆਉਣ'' ਦੇ ਹੁਕਮ ਨੂੰ ਪੂਰਾ ਕਰਦੇ ਹਾਂ। ਦੂਜੇ ਇਸ ਗੱਲ ਤੇ ਧਿਆਨ ਦੁਆਉਂਦੇ ਹਨ ਕਿ ''ਫਲ'' ਸ਼ਬਦ ਪ੍ਰਭੂ ਲਈ ਜੀਣ ਅਤੇ ਕੰਮ ਕਰਨ ਦੇ *ਸਭ* ਹਾਂ ਪੱਖੀ ਨਤੀਜੇ ਹੋ ਸਕਦੇ ਹਨ। ਪੌਲੁਸ ਨੇ ਕਿਹਾ ਕਿ ''ਕਿਉਂਕਿ ਜੀਉਣਾ ਮੇਰੇ ਲਈ ਮਸੀਹ ਹੈ ਅਤੇ ... ਸਰੀਰ ਵਿਚ ਜੀਉਂਦਾ ਰਹਿਣਾ, ਜੇ ਇਸ ਤੋਂ ਮੈਨੂੰ ਮਿਹਨਤ ਦਾ ਫਲ ਪ੍ਰਾਪਤ ਹੋਵੇ ਤਾਂ ਮੈਂ ਨਹੀਂ ਜਾਣਦਾ ਜੋ ਮੈਂ ਕਿਹਨੂੰ ਚੁਣਾਂ'' (ਫ਼ਿਲਿੱਪੀਆਂ 1:21, 22)। ਅੰਗ੍ਰੇਜ਼ੀ ਦੀ ਬਾਈਬਲ KJV ਦਾ ਅਨੁਵਾਦ ਹੈ, ''ਇਹ ਮੇਰੀ ਮਿਹਨਤ ਦਾ ਫਲ ਹੈ।''

ਬਾਈਬਲ ਵਿਚ ''ਫਲ'' ਸ਼ਬਦ ਦੀ ਆਮ ਵਰਤੋਂ ਆਪਣੀ ਨਸਲ ਦੇ ਅਨੁਸਾਰ ਫਲ ਲਿਆਉਣਾ

ਹੈ (ਉਤਪਤ 1:11; ਲੂਕਾ 1:42)। ਕਿਸੇ ਨੇ ਕਿਹਾ ਹੈ ਕਿ ਸੇਬ ਦੇ ਬੂਟੇ ਦਾ ਫਲ ਸੇਬ ਹੁੰਦਾ ਹੈ, ਸੰਤਰੇ ਦੇ ਬੂਟੇ ਦਾ ਫਲ ਸੰਤਰਾ ਅਤੇ ਇਕ ਮਸੀਹੀ ਦਾ ''ਫਲ'' ਇਕ ਹੋਰ ਮਸੀਹੀ ਹੋਣਾ ਚਾਹੀਦਾ ਹੈ। ਭੌਤਿਕ ਸੰਸਾਰ ਵਿਚ, ਮਨੁੱਖ ਜਾਤੀ ਨੂੰ ''ਫਲੋ ਅਰ ਵਧੋ ਅਰ ਧਰਤੀ ਨੂੰ ਭਰ'' ਦੇਣ ਲਈ ਆਖਿਆ ਗਿਆ ਸੀ (ਉਤਪਤ 1:28; ਉਤਪਤ 9:1, 7 ਵੀ ਵੇਖੋ)। ਰੂਹਾਨੀ ਦੁਨੀਆਂ ਵਿਚ ਵੀ ਅਜਿਹੀ ਹੀ ਚੁਣੌਤੀ ਹੈ। ਪੌਲੁਸ ਨੇ ਲਿਖਿਆ ਹੈ:

> ਸੋ ਮੇਰਿਓ ਭਰਾਵੋ ਤੁਸੀਂ ਵੀ ਮਸੀਹ ਦੀ ਦੇਹੀ ਦੇ ਵਸੀਲੇ ਨਾਲ ਸ਼ਰਾ ਦੇ ਸਰਬੰਧੋਂ ਮਰ ਗਏ ਭਈ ਤੁਸੀਂ ਦੂਏ ਦੇ ਹੋ ਜਾਓ ਅਰਥਾਤ ਉਹ ਦੇ ਜਿਹੜਾ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਾਂ ਜੋ ਅਸੀਂ ਪਰਮੇਸ਼ੁਰ ਦੇ ਲਈ ਫਲ ਦੇਈਏ (ਰੋਮੀਆਂ 7:4)।

ਰੋਮੀਆਂ 7:4, ''ਫਲ'' ਸ਼ਬਦ ਦੀ ਵਰਤੋਂ ਆਮ ਅਰਥ ਵਿਚ ਕੀਤੀ ਜਾ ਸਕਦੀ ਹੈ, ਪਰ ਵਿਆਹ ਦੀ ਉਦਾਹਰਣ ਤੋਂ ਬੱਚਿਆਂ ਦੇ ''ਫਲ'' ਰੂਹਾਨੀ ਸੰਤਾਨ ਅਰਥਾਤ ਨਵੇਂ ਬਣਨ ਵਾਲੇ ਮਸੀਹੀਆਂ ਦਾ ਸੁਝਾਅ ਮਿਲਦਾ ਹੈ। ਰੋਮ ਦੀ ਕਲੀਸੀਆ ਦੇ ਨਾਂ ਲਿਖਦੇ ਸਮੇਂ ਪੌਲੁਸ ਖ਼ੁਦ ਇਹੋ ਜਿਹੇ ਫਲ ਦੀ ਹੀ ਗੱਲ ਕਰ ਰਿਹਾ ਹੋਵੇਗਾ। ਉਸ ਦੇ ਭਰਾਵਾਂ ਨੂੰ ਦੱਸਿਆ ਗਿਆ ਕਿ ਉਹ ਉਨ੍ਹਾਂ ਨਾਲ ਇਸ ਲਈ ਮਿਲਣਾ ਚਾਹੁੰਦਾ ਸੀ ਤਾਂ ਕਿ ''ਜਿਵੇਂ ਬਾਕੀ ਦੀਆਂ ਪਰਾਈਆਂ ਕੌਮਾਂ ਵਿਚ ਤਿਵੇਂ ਤੁਹਾਡੇ ਵਿਚ ਵੀ ਮੈਨੂੰ ਕੁਝ ਫਲ ਮਿਲੇ'' (ਰੋਮੀਆਂ 1:13)।

ਯੂਹੰਨਾ 15 ਦੇ ''ਫਲ'' ਬਾਰੇ, ਕੀ ਇਹ ਜ਼ਰੂਰੀ ਹੈ ਕਿ ਅਸੀਂ ਉਪਰ ਦਿੱਤੀਆਂ ਗਈਆਂ ਸੰਭਾਵਨਾਵਾਂ ਵਿੱਚੋਂ ਕਿਸੇ ਇਕ ਨੂੰ ਚੁਣੀਏ? ਕੀ ਅਸੀਂ ਆਤਮਾ ਦਾ ਫਲ ਲਿਆਂਦੇ ਬਿਨਾਂ ਮਸੀਹੀ ਗੁਣਾਂ ਵਿਚ ਵੱਧ ਸਕਦੇ ਹਾਂ, ਜਿਸ ਨਾਲ ਹਾਂ ਪੱਖੀ ਨਤੀਜੇ ਨਿਕਲਣ? ਕੀ ਅਸੀਂ ਗੁਆਚੇ ਹੋਇਆਂ ਤਕ ਪਹੁੰਚਣ ਦੀ ਕੋਸ਼ਿਸ਼ ਕੀਤੇ ਬਿਨਾਂ ਮਸੀਹ ਵਰਗੇ ਬਣ ਕੇ ਆਤਮਾ ਨਾਲ ਭਰਪੂਰ ਹੋ ਸਕਦੇ ਹਾਂ? ਯਿਸੂ ਨੇ ਕਿਹਾ ਕਿ ਉਹ ''ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ'' (ਲੂਕਾ 19:10), ਅਤੇ ਸਾਡੇ ਲਈ ''ਉਹਦੀ ਪੈੜ ਉੱਤੇ'' ਚੱਲਣਾ ਜ਼ਰੂਰੀ ਹੈ (1 ਪਤਰਸ 2:21)। ਸਾਨੂੰ ਆਪਣੇ ਵਿਸ਼ਵਾਸ ਨੂੰ ਵੰਡਣ ਦੇ ਮਹੱਤਵ ਨੂੰ ਸਮਝਣਾ ਜ਼ਰੂਰੀ ਹੈ, ਤਾਂ ਕਿ ਰੂਹਾਂ ਨੂੰ ਬਚਾ ਸਕੀਏ।

ਇਸ ਪ੍ਰਾਸੰਗਿਕਤਾ ਨੂੰ ਮਨ ਵਿਚ ਰੱਖਦੇ ਹੋਏ, ਇਸ ਤੇ ਵਿਚਾਰ ਕਰੋ: ਵੇਲ ਫਲ ਨਹੀਂ ਦਿੰਦੀ, ਫਲ ਦੇਣ ਦਾ ਕੰਮ ਤਾਂ ਟਹਿਣੀਆਂ ਦਾ ਹੈ। ਵੇਲ ਟਹਿਣੀਆਂ ਨੂੰ ਉਨ੍ਹਾਂ ਦਾ ਕੰਮ ਕਰਨ ਦੇ ਯੋਗ ਬਣਾਉਂਦੀ ਹੈ, ਪਰ ਫਲ ਟਹਿਣੀਆਂ ਨੂੰ ਹੀ ਦੇਣਾ ਪੈਂਦਾ ਹੈ। ਜੇ ਟਹਿਣੀਆਂ ਫਲ ਨਾ ਦੇਣ ਤਾਂ ਕੋਈ ਫਲ ਨਹੀਂ ਹੋਵੇਗਾ। ਜੇ ਤੁਸੀਂ ਅਤੇ ਮੈਂ ਗੁਆਚੇ ਹੋਇਆਂ ਤਕ ਨਹੀਂ ਪਹੁੰਚਦੇ, ਤਾਂ ਕੋਈ ਬਚਾਇਆ ਨਹੀਂ ਜਾਵੇਗਾ।

ਨਵੇਂ ਨੇਮ ਵਿਚ ਆਪਣੇ ਵਿਸ਼ਵਾਸ ਨੂੰ ਦੂਜਿਆਂ ਨੂੰ ਦੱਸਣਾ ਹੁਕਮ ਨਹੀਂ, ਬਲਕਿ ਮਸੀਹੀ ਹੋਣ ਦਾ ਸੁਭਾਵਕ ਫਲ ਮੰਨਿਆ ਜਾਂਦਾ ਸੀ। ਸਾਡੇ ਵਿੱਚੋਂ ਜ਼ਿਆਦਾਤਰ ਮੱਤੀ ਰਾਹੀਂ ਲਿਖੇ ਗ੍ਰੇਟ ਕਮੀਸ਼ਨ ਤੋਂ ਜਾਣੂ ਸਨ: ''ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿਓ'' (ਮੱਤੀ 28:19)। ਇਸ ਆਇਤ ਦਾ ਇਕ ਮੂਲ ਅਰਥ ਇਹ ਹੈ: ''ਇਸ ਲਈ ਜਾ ਕੇ, ਤੁਸੀਂ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ।''[4] ਦੂਜੇ ਸ਼ਬਦਾਂ ਵਿਚ, ''*ਜਦੋਂ* ਤੁਸੀਂ ਜਾ ਰਹੇ ਹੋ (ਜਾਂ, ਜਾ ਕੇ), ਜਿਸ ਕਿਸੇ ਨੂੰ ਵੀ ਮਿਲੋ, ਉਸ ਨੂੰ ਸਿਖਾਓ।'' ਯਰੂਸ਼ਲਮ ਵਿਚ ਕਲੀਸੀਆ ਤੇ ਸਤਾਅ ਹੋਣ ਵੇਲੇ ਇਹੀ ਹੋਇਆ:

> ਉਸੇ ਦਿਨ ਕਲੀਸੀਆ ਉੱਤੇ ਜੋ ਯਰੂਸ਼ਲਮ ਵਿਚ ਸੀ ਵੱਡਾ ਕਸ਼ਟ ਹੋਣ ਲੱਗਾ ਅਤੇ ਰਸੂਲਾਂ ਤੋਂ ਬਿਨਾ ਓਹ ਸਭ ਯਹੂਦੀਆ ਅਰ ਸਾਮਰੀਆ ਦੇ ਦੇਸਾਂ ਵਿਚ ਖਿੰਡ ਗਏ।
> ਸੋ ਜਿਹੜੇ ਖਿੰਡ ਗਏ ਸਨ ਵਚਨ ਦੀ ਖੁਸ਼ ਖਬਰੀ ਸੁਣਾਉਂਦੇ ਫਿਰੇ (ਰਸੂਲਾਂ ਦੇ ਕੰਮ 8:1, 4)।

ਜੇ ਸਾਨੂੰ ਸਮਝ ਹੋਵੇ ਕਿ ਅਸੀਂ ਕੀ ਦੱਸ ਰਹੇ ਹਾਂ, ਤਾਂ ਸਾਡਾ ਦੂਜਿਆਂ ਨੂੰ ਦੱਸਣਾ ਸਾਡੇ ਲਈ *ਸੁਭਾਵਕ* ਹੋਣਾ ਚਾਹੀਦਾ ਹੈ। ਅਸੀਂ ਯਿਸੂ ਵਿਚ ਸਾਡੇ ਵਿਸ਼ਵਾਸ ਨੂੰ ਦੱਸ ਰਹੇ ਹਾਂ, ਅਰਥਾਤ ਅਸੀਂ ਖੁਸ਼ਖ਼ਬਰੀ ਦੱਸ ਰਹੇ ਹਾਂ। ਇਕ ਮੁਟਿਆਰ, ਜਿਸ ਦੀ ਹੁਣੇ ਹੁਣੇ ਮੰਗਣੀ ਹੋਈ ਹੈ, ਕਹਿਣ ਦੀ ਲੋੜ ਨਹੀਂ ਹੈ ਕਿ ਉਹ ਆਪਣੀ ਮੰਗਣੀ ਦੀ ਅੰਗੂਠੀ ਵਿਖਾਏ। ਉਸ ਦੇ ਲਈ ਹਰ ਕਿਸੇ ਨੂੰ ਆਪਣੀ ਉਹ ਅੰਗੂਠੀ ਵਿਖਾਉਣਾ *ਸੁਭਾਵਕ* ਹੈ। ਨਵੇਂ ਨਵੇਂ ਬਣੇ ਪਿਤਾ ਤੋਂ ਇਹ ਪੁੱਛਣ ਦੀ ਲੋੜ ਹੈ ਕਿ ਕੀ ਉਹ ਪਿਤਾ ਬਣਿਆ, ਅਤੇ ਯਕੀਨਨ ਹੀ ਕਿਸੇ ਦਾਦੀ ਨੂੰ ਆਪਣੇ ਨਵੇਂ ਪੋਤਰੇ ਦੀਆਂ ਤਸਵੀਰਾਂ ਵਿਖਾਉਣ ਲਈ ਕਹਿਣ ਦੀ ਲੋੜ ਨਹੀਂ ਹੈ। ਉਨ੍ਹਾਂ ਲਈ ਖੁਸ਼ਖ਼ਬਰੀ ਦੱਸਣਾ ਇਸ ਤਰ੍ਹਾਂ ਹੀ *ਸੁਭਾਵਕ* ਹੈ। ਦੁੱਖਾਂ ਨਾਲ ਭਰੀ ਦੁਨੀਆਂ ਵਿਚ, ਦੁਨੀਆਂ ਖੁਸ਼ਖ਼ਬਰੀ ਨੂੰ ਸੁਣਨ ਨੂੰ ਤਰਸਦੀ ਹੈ।[5] ਸਾਡੇ ਕੋਲ ਯਿਸੂ ਦੀ ਖੁਸ਼ਖ਼ਬਰੀ ਹੈ। ਸਾਡੇ ਲਈ ਖੁਸ਼ਖ਼ਬਰੀ ਨੂੰ ਦੂਜਿਆਂ ਨੂੰ ਦੱਸਣਾ ਕਿੰਨਾ ਸੁਭਾਵਕ ਹੋਣਾ ਚਾਹੀਦਾ ਹੈ।

ਕੋਈ ਪੁੱਛ ਸਕਦਾ ਹੈ, ''ਕਿਵੇਂ? ਮੈਂ ਆਪਣਾ ਵਿਸ਼ਵਾਸ ਕਿਸੇ ਨੂੰ ਕਿਵੇਂ ਦੱਸ ਸਕਦਾ ਹਾਂ? ਮੈਂ ਯਿਸੂ ਲਈ ਦੂਜਿਆਂ ਨੂੰ ਜਿਤਣ ਦੇ ਅਰਥ ਵਿਚ ਕਿਵੇਂ ਲਿਆ ਸਕਦਾ ਹਾਂ?'' ਇਸ ਆਇਤ ਵਿਚ ਇਹ ਨਹੀਂ ਦੱਸਿਆ ਗਿਆ ਕਿ ਕਿਵੇਂ, ਪਰ ਇਸ ਤੋਂ ਸਿਰਫ਼ ਇਹ ਸੰਕੇਤ ਮਿਲਦਾ ਹੈ ਕਿ ਦੱਸਣਾ ਜ਼ਰੂਰੀ ਹੈ। ਆਪਣੇ ਵਿਸ਼ਾਵਸ ਨੂੰ ਦੱਸਣ ਦੇ ਦਰਜਨਾਂ ਬਲਕਿ ਸੌ ਚੰਗੇ ਤਰੀਕੇ ਹਨ। ਸਾਡੇ ਵਿੱਚੋਂ ਹਰ ਇਨਸਾਨ ਵੱਖਰਾ ਹੈ; ਜੋ ਤਰੀਕਾ ਇਕ ਤੇ ਲਾਗੂ ਹੁੰਦਾ ਹੈ, ਹੋ ਸਕਦਾ ਹੈ ਕਿ ਉਹ ਦੂਜੇ ਤੇ ਕੰਮ ਨਾ ਕਰੇ।[6] ਤੁਸੀਂ ਜੋ ਵੀ ਤਰੀਕਾ ਵਰਤੋ, ਉਹ ਤਰੀਕਾ *ਜ਼ਿੰਦਗੀ* ਅਤੇ *ਸਿੱਖਿਆ* ਦੋਹਾਂ ਨਾਲ ਮੇਲ ਖਾਂਦਾ ਹੋਣਾ ਚਾਹੀਦਾ ਹੈ। ਫ਼ਿਲਿੱਪੀਆਂ 2: 15, 16 ਵਿਚ ਪੌਲੁਸ ਨੇ ਇਨ੍ਹਾਂ ਦੋਹਾਂ ਕਾਰਨਾਂ ਨੂੰ ਜੋੜ ਦਿੱਤਾ:

> ਨਿਰਦੋਸ਼ ਅਤੇ ਸਿੱਧੇ ਸਾਧੇ ਹੋ ਕੇ ਵਿੰਗੀ ਟੇਢੀ ਪੀੜ੍ਹੀ ਵਿਚ ਪਰਮੇਸ਼ੁਰ ਦੇ ਨਿਰਮਲ ਬਾਲਕ ਬਣੇ ਰਹੋ ਜਿਨ੍ਹਾਂ ਦੇ ਵਿਚ ਤੁਸੀਂ ਜਗਤ ਉੱਤੇ ਜੋਤਾਂ ਵਾਂਙੁ ਦਿੱਸਦੇ ਹੋ। ਅਤੇ ਜੀਵਨ ਦਾ ਵਚਨ ਪੇਸ਼ ਕਰਦੇ ਹੋ ਤਾਂ ਜੋ ਮਸੀਹ ਦੇ ਦਿਨ ਮੈਨੂੰ ਅਭਮਾਨ ਕਰਨ ਦਾ ਥਾਂ ਹੋਵੇ ਭਈ ਮੇਰੀ ਦੌੜ ਅਤੇ ਮੇਰੀ ਮਿਹਨਤ ਅਕਾਰਥ ਨਹੀਂ ਗਈ।

(1) *ਜ਼ਿੰਦਗੀ।* ਹਾਂ ਪੱਖੀ ਅਤੇ ਨਾਂਹ ਪੱਖੀ ਦੋਵੇਂ ਪਾਸਿਆਂ ਤੋਂ ਤੁਹਾਡੀ ਜ਼ਿੰਦਗੀ ਵਿਸ਼ਵਾਸੀ ਮਸੀਹੀ ਜ਼ਿੰਦਗੀ ਹੋਣੀ ਜ਼ਰੂਰੀ ਹੈ। ਹਾਂ ਪੱਖੀ ਰੂਪ ਵਿਚ ਤੁਹਾਡੀ ਜ਼ਿੰਦਗੀ ਚੰਗੀ, ਪ੍ਰੇਮੀ ਅਤੇ ਦੂਜਿਆਂ ਦੀ ਮਦਦ ਕਰਨ ਵਾਲੀ ਹੋਣੀ ਚਾਹੀਦੀ ਹੈ। ਨਾਂਹ ਪੱਖੀ ਰੂਪ ਵਿਚ ਤੁਹਾਨੂੰ ਸ਼ੁੱਧ ਬਣੇ ਰਹਿਣ ਲਈ ਆਪਣੀ ਜ਼ਿੰਦਗੀ ਵਿੱਚੋਂ ਬੁਰਾਈ ਨੂੰ ਦੂਰ ਰੱਖਣਾ ਚਾਹੀਦਾ ਹੈ। ਜਦੋਂ ਤਕ ਤੁਹਾਡੀ ਜ਼ਿੰਦਗੀ ਤੁਹਾਡੀ ਸਿੱਖਿਆ ਨਾਲ ਮੇਲ ਨਹੀਂ ਖਾਂਦੀ, ਕੋਈ ਤੁਹਾਡੀ ਗੱਲ ਨੂੰ ਨਹੀਂ ਸੁਣੇਗਾ।[7]

(2) *ਸਿੱਖਿਆ।* ਤੁਹਾਡੀ ਜ਼ਿੰਦਗੀ ਭਾਵੇਂ ਕਿੰਨੀ ਹੀ ਚੰਗਾ ਕਿਉਂ ਨਾ ਹੋਵੇ ਤੁਹਾਡੇ ਲਈ ਇੰਜੀਲ ਸਿਖਾਉਣਾ ਜ਼ਰੂਰੀ ਹੈ। ਕੁਝ ਲੋਕ ਸੋਚਦੇ ਹਨ ਕਿ ਜਦੋਂ ਤਕ ਉਨ੍ਹਾਂ ਦੀ ਜ਼ਿੰਦਗੀ ਸੱਚੀ ਜ਼ਿੰਦਗੀ ਦੇ ਅਨੁਸਾਰ ਹੈ, ਉਨ੍ਹਾਂ ਨੂੰ ਸਚਿਆਈ ਦੱਸਣ ਦੀ ਲੋੜ ਨਹੀਂ ਹੈ। ਕੀ ਤੁਸੀਂ ਯਿਸੂ ਤੋਂ ਚੰਗੇ ਹੋ? ਉਸ ਨੇ ਆਪਣੀ ਜ਼ਿੰਦਗੀ ਰਾਹੀਂ ਹੀ ਫਲ ਨਹੀਂ ਦਿੱਤਾ ਸੀ। ਉਸ ਦੀ ਜ਼ਿੰਦਗੀ ਸਚਿਆਈ ਸੀ, ਪਰ ਉਸ ਨੇ ਸੱਚਾਈ ਦੀ ਸਿੱਖਿਆ ਵੀ ਦਿੱਤੀ। ਸਿਖਾਉਣ ਦਾ ਕੰਮ ਚਿੱਠੀ ਲਿਖ ਕੇ, ਟ੍ਰੈਕਟ ਦੇ ਕੇ, ਫ਼ਿਲਮ ਅਤੇ ਵੀਡੀਓ ਰਾਹੀਂ ਜਾਂ ਕਿਸੇ ਨੂੰ ਸਮਝਾ ਕੇ ਕੀਤਾ ਜਾ ਸਕਦਾ ਹੈ। ਮਹੱਤਵਪੂਰਣ ਇਹ ਨਹੀਂ ਹੈ ਕਿ ਤੁਸੀਂ ਦੂਜਿਆਂ ਨੂੰ ਕਿਵੇਂ ਸਿਖਾਉਂਦੇ ਹੋ, ਬਲਕਿ ਇਹ ਹੈ ਕਿ ਤੁਸੀਂ ਉਨ੍ਹਾਂ ਨੂੰ ਸਿਖਾਉਂਦੇ ਹੋ।

ਮੈਂ ਇਸ ਵਿਚਾਰ ਤੇ ਮੁੜ ਕੇ ਆਉਂਦਾ ਹਾਂ: ਯੂਹੰਨਾ 15 ਦੇ ਮੁਤਾਬਿਕ ਫਲ ਦੇਣਾ ਹੀ ਮਸੀਹੀ ਜ਼ਿੰਦਗੀ ਹੈ। ਜੇ ਅਸੀਂ ਟਹਿਣੀਆਂ ਦੇ ਤੌਰ ਤੇ ਆਪਣੇ ਕਿਰਦਾਰ ਦੇ ਮਹੱਤਵ ਨੂੰ ਪਹਿਚਾਣ ਲਈਏ, ਤਾਂ ਅਸੀਂ ਫਲ ਦੇਣ ਦੀ ਕੋਸ਼ਿਸ਼ ਕਰਾਂਗੇ।

## ਫਲ ਦੇਣ ਦਾ ਸਬੰਧ

ਫਲ ਦੇਣ ਬਾਰੇ ਮਸੀਹ ਦੀ ਸਿੱਖਿਆ ਦੀ ਮੁਖ ਗੱਲ ਇਹ ਹੈ ਕਿ ਅਸੀਂ *ਯਿਸੂ ਤੋਂ ਵੱਖਰੇ ਹੋ ਕੇ* ਫਲ ਨਹੀਂ ਦੇ ਸਕਦੇ। ਆਇਤ 4 ਦੀ ਸ਼ੁਰੂਆਤ ''ਮੇਰੇ ਵਿਚ ਰਹੋ'' ਨਾਲ ਹੁੰਦੀ ਹੈ।

ਅਸੀਂ ਅੰਗੂਰ ਦੀ ਵੇਲ ਅਤੇ ਉਸ ਦੀਆਂ ਟਹਿਣੀਆਂ ਵਿਚ ਸਬੰਧ ਤੇ ਵਿਗਿਆਨਕ ਲੈਕਚਰ ਦੇ ਸਕਦੇ ਹਾਂ। ਅਸੀਂ ਪਰਾਸਰਨ ਭਾਵ ਜ਼ਮੀਨ ਵਿੱਚੋਂ ਟਹਿਣੀਆਂ ਨੂੰ ਮਿਲਣ ਵਾਲੀ ਨਮੀ ਅਤੇ ਪੋਸ਼ਕ ਤੱਤਾਂ ਦੇ ਮਿਲਣ ਦੀ ਪ੍ਰਕਿਰਿਆ ਨਾ ਹੋਣ ਦੇ ਬਾਵਜੂਦ ਇਸ ਦੀ ਗੱਲ ਕਰ ਸਕਦੇ ਹਾਂ। ਅਸੀਂ ਕਲੋਰੋਫਿਲ ਤੇ ਸੂਰਜ ਦੀ ਰੌਸ਼ਨੀ ਦੇ ਕੰਮ ਭਾਵ ਫ਼ੋਟੋਸਿੰਥੈਸਿਸ ਦੀ ਚਰਚਾ ਕਰ ਸਕਦੇ ਹਾਂ।[8] ਪਰ ਪੱਤਿਆਂ ਵਿਚ ਇਹ ਖੇਤੀਬਾੜੀ ਤੇ ਸਬਕ ਨਹੀਂ ਬਲਕਿ ਸਬੰਧ ਤੇ ਸਰਮਨ ਹੈ। ਤੁਹਾਨੂੰ ਪਰਾਕਰਨ ਜਾਂ ਫ਼ੋਟੋਸਿੰਥੈਸਿਸ ਦੀ ਸਮਝ ਹੋਵੇ ਜਾਂ ਨਾ, ਪਰ ਤੁਸੀਂ ਇਹ ਜ਼ਰੂਰ ਸਮਝ ਸਕਦੇ ਹੋ ਕਿ ਟਹਿਣੀ ਨੂੰ ਵੇਲ ਦੇ ਨਾਲ ਜੁੜੇ ਰਹਿਣ ਕਰਕੇ ਹੀ ਜ਼ਿੰਦਗੀ ਮਿਲ ਸਕਦੀ ਹੈ। ਪਿਛਲੇ ਦਿਨਾਂ ਵਿਚ ਟਹਿਣੀ ਭਾਵੇਂ ਕਿੰਨੀ ਵੀ ਵੱਡੀ ਕਿਉਂ ਨਾ ਹੋ ਗਈ ਹੋਵੇ, ਕਿੰਨੀ ਵੀ ਲੰਮੀ ਜਾਂ ਮੋਟੀ ਕਿਉਂ ਨਾ ਹੋਵੇ, ਕਿੰਨੀ ਵੀ ਹਰੀ-ਭਰੀ ਜਾਂ ਤੰਦਰੁਸਤ ਕਿਉਂ ਨਾ ਲੱਗਦੀ ਹੋਵੇ, ਜਾਂ ਕਿੰਨੀ ਵੀ ਸੋਹਣੀ ਕਿਉਂ ਨਾ ਹੋਵੇ, ਜੇ ਉਹ ਟਹਿਣੀ ਵੇਲ ਨਾਲ ਜੁੜੀ ਨਹੀਂ ਰਹਿੰਦੀ, ਤਾਂ ਉਹ *ਸੁੱਕ* ਜਾਵੇਗੀ।

ਇਹੀ ਗੱਲ ਮਸੀਹ ਨਾਲ ਸਾਡੇ ਸਬੰਧ ਦੀ ਹੈ: ਸਾਨੂੰ ਰੂਹਾਨੀ ਜ਼ਿੰਦਗੀ ਅਤੇ ਵਿਕਾਸ ਲਈ ਉਸ ਦੀ ਲੋੜ ਹੈ। ਸਾਨੂੰ *ਉਸ ਵਿਚ* ਬਪਤਿਸਮਾ ਦਿੱਤਾ ਜਾਂਦਾ ਹੈ (ਰੋਮੀਆਂ 6:3-6; ਗਲਾਤੀਆਂ 3:26, 27)। *ਉਸ ਵਿਚ* ਅਸੀਂ ਨਵੀਂ ਸਰਿਸ਼ਟੀ ਹਾਂ (2 ਕੁਰਿੰਥੀਆਂ 5:17)। ਸਾਰੀਆਂ ਰੂਹਾਨੀ ਬਰਕਤਾਂ *ਉਸੇ ਵਿਚ* ਹਨ (ਅਫ਼ਸੀਆਂ 1:3)। *ਉਸੇ ਵਿਚ,* ਸਾਨੂੰ ਛੁਟਕਾਰਾ ਮਿਲਿਆ ਹੈ (ਕੁਲੁੱਸੀਆਂ 1:13, 14)।

ਸਾਡੇ ਵਿੱਚੋਂ ਕੁਝ ਲੋਕ ਉਸ ਤਰ੍ਹਾਂ ਰੂਹਾਂ ਨੂੰ ਜਿਤ ਕਿਉਂ ਨਹੀਂ ਰਹੇ ਹਨ, ਜਿਵੇਂ ਜਿਤਣਾ ਚਾਹੀਦਾ ਹੈ? ਅਸੀਂ ਆਪਣੇ ਵਿਸ਼ਵਾਸ ਨੂੰ ਦੂਜਿਆਂ ਨੂੰ ਕਿਉਂ ਨਹੀਂ ਦੱਸ ਰਹੇ ਹਾਂ? ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਅਸੀਂ ਰੂਹਾਨੀ ਤਰੱਕੀ ਕਿਉਂ ਨਹੀਂ ਕਰ ਰਹੇ ਹਾਂ? ਸਾਡੀ ਜ਼ਿੰਦਗੀ ਭਗਤੀ ਵਾਲੀ ਮਸੀਹੀ ਜ਼ਿੰਦਗੀ ਕਿਉਂ ਨਹੀਂ ਹੈ? ਅਸੀਂ ਬੰਦਗੀ ਵਿਚ ਵਿਸ਼ਵਾਸ ਨਾਲ ਕਿਉਂ ਨਹੀਂ ਜਾਂਦੇ ਹਾਂ? ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਇੱਕੋ ਹੈ: *ਮਸੀਹ ਦੇ ਨਾਲ ਸਾਡਾ ਸਬੰਧ ਸਹੀ ਨਹੀਂ ਹੈ।* ਯਿਸੂ ਨੇ ਕਿਹਾ, ''ਜੋ ਮੇਰੇ ਵਿਚ ਰਹਿੰਦਾ ਹੈ ਅਤੇ ਮੈਂ ਉਸ ਵਿਚ ਸੋਈ ਬਹੁਤਾ ਫਲ ਦਿੰਦਾ ਹੈ, ...'' (ਯੂਹੰਨਾ 15:5)। ਸਬੰਧ ਸਹੀ ਹੋਵੇਗਾ, ਤਾਂ ਅਸੀਂ ਫਲ ਜ਼ਰੂਰੀ *ਦਿਆਂਗੇ*।

ਮੁੱਖ ਗੱਲ ਸਬੰਧ ਹੀ ਹੈ। ਮੈਂ ਇਕ ਨਿੱਜੀ ਉਦਾਹਰਣ ਦਿੰਦਾ ਹਾਂ। ਮੇਰਾ ਧਿਆਨ ਉਸ ਦਿਨ ਵੱਲ ਜਾਂਦਾ ਹੈ ਜਦ ਮੈਂ ਥੱਕਿਆ ਹੋਇਆ ਸਾਂ, ਦਿਨ ਭਰ ਮੈਂ ਬਹੁਤ ਹੀ ਰੁਝਿਆ ਰਿਹਾ ਸਾਂ, ਅਤੇ ਮੈਨੂੰ ਮੇਰੀਆਂ ਵਿੱਤ ਜ਼ਿੰਮੇਵਾਰੀਆਂ ਦੀ ਚਿੰਤਾ ਵੀ ਸੀ। ਮੇਰੀ ਇਕ ਕੁੜੀ ਨੇ ਟੈਲੀਫੋਨ ਕਰਕੇ ਪਰੇਸਾਨ ਹੋ ਕੇ ਕਿਹਾ, ''ਡੈਡੀ ਮੈਨੂੰ ਮਦਦ ਚਾਹੀਦੀ ਹੈ! ਤੁਹਾਨੂੰ ਮੇਰੀ ਮਦਦ ਕਰਨੀ ਹੀ ਪਵੇਗੀ!'' ਮੈਂ ਇਹ ਨਹੀਂ ਕਿਹਾ ਕਿ ''ਮੈਂ ਬਹੁਤ ਥੱਕਿਆ ਹੋਇਆ ਹਾਂ।'' ਮੈਂ ਇਹ ਨਹੀਂ ਕਿਹਾ ਕਿ ''ਮੈਂ ਬਹੁਤ ਰੁਝਿਆ ਹਾਂ।'' ਮੈਂ ਇਹ ਨਹੀਂ ਕਿਹਾ ਕਿ ''ਮੇਰੇ ਕੋਲ ਪੈਸੇ ਨਹੀਂ ਹਨ।'' ਮੈਂ ਇਹ ਵੀ ਨਹੀਂ ਕਿਹਾ ਕਿ ''ਮੈਂ ਤੇਰੀ ਮਦਦ ਕਿਵੇਂ ਕਰਾਂ,'' ਜੇ ਮੈਨੂੰ ਪਤਾ ਨਹੀਂ ਸੀ ਕਿ ਕਿਵੇਂ ਕਰ ਸਕਦਾ ਹਾਂ, ਤਾਂ ਮੇਰੇ ਲਈ ਹੱਲ ਲੱਭਣਾ ਜ਼ਰੂਰੀ ਸੀ। ਜਿਵੇਂ ਵੀ ਹੋਵੇ ਮੈਂ ਆਪਣੀ ਬੇਟੀ ਦੀ ਮਦਦ ਕਰਨੀ ਹੀ ਸੀ। ਕਿਉਂ? ਕਿਉਂਕਿ ਸਾਡਾ ਇਕ ਖਾਸ ਸਬੰਧ ਹੈ।

ਇਸ ਸਮੇਂ ਸਵਾਲ ਇਹ ਹੈ ਕਿ ''ਯਿਸੂ ਨਾਲ ਸਾਡਾ ਕੀ ਸਬੰਧ ਹੈ?'' ਅਰਥਾਤ ਕੀ ਅਸੀਂ ਮਸੀਹ ਵਿਚ ਬਪਤਿਸਮਾ ਲਿਆ ਹੈ; ਅਤੇ ਜੇ ਲਿਆ ਹੈ ਤਾਂ ਕੀ ਅਸੀਂ ਉਸ ਦੇ ਲਈ ਜੀ ਰਹੇ ਹਾਂ? ਆਪਣੀ ਪਹਿਲੀ ਪੱਤਰੀ ਵਿਚ ਯੂਹੰਨਾ ਨੇ ਯਿਸੂ ਵਿਚ ਬਣੇ ਰਹਿਣ ਦੀ ਗੱਲ ਨਿੱਜੀ ਅਧਾਰ ਤੇ ਕਹੀ ਹੈ। ਉਸ ਨੇ ਕਿਹਾ, ਉਹ ਜਿਹੜਾ ਉਸ ਵਿਚ ਕਾਇਮ ਰਹਿੰਦਾ ਹੈ ਤਾਂ ਜਿਵੇਂ ਉਹ ਚੱਲਦਾ ਸੀ ਤਿਵੇਂ

ਚੱਲੇਗਾ (1 ਯੂਹੰਨਾ 2:6), ਆਪਣੇ ਭਰਾ ਨਾਲ ਪਿਆਰ ਕਰੇਗਾ (2:9, 10), ਅਤੇ ਪਾਪ ਭਰੀ ਜ਼ਿੰਦਗੀ ਨਹੀਂ ਕੱਟੇਗਾ (3:6)। ਜੇ ਯਿਸੂ ਨਾਲ ਸਾਡਾ ਸਬੰਧ ਸਹੀ ਹੈ, ਤਾਂ ਅਸੀਂ ਫਲ ਦੇਣ ਦਾ *ਕੋਈ ਤਰੀਕਾ ਲੱਭ* ਹੀ ਲਵਾਂਗੇ।

ਯੂਹੰਨਾ 15:1–12 ਫਲ ਨਾ ਲਿਆਉਣ ਦੇ ਨਤੀਜਿਆਂ ਤੇ ਕੁਝ ਗੰਭੀਰ ਗੱਲਾਂ ਕਹਿੰਦਾ ਹੈ। ਆਇਤ 2 ਵਿਚ ਯਿਸੂ ਨੇ ਕਿਹਾ, ''ਹਰੇਕ ਟਹਿਣੀ ਜਿਹੜੀ ਮੇਰੇ ਵਿਚ ਹੈ ਅਰ ਫਲ ਨਹੀਂ ਦਿੰਦੀ ਉਹ ਉਸ ਨੂੰ ਲਾਹ ਸੁੱਟਦਾ ਹੈ।'' ਆਇਤ 6 ''ਅੱਗ ਵਿਚ ਝੋਂਕ'' ਦੇਣ ਦੀ ਗੱਲ ਦੱਸਦੀ ਹੈ। ਪਰ ਇਹ ਆਇਤ ਇਹ ਨਹੀਂ ਕਹਿੰਦੀ ਕਿ ਅਸੀਂ ਨਰਕ ਵਿਚ ਇਸ ਲਈ ਜਾਵਾਂਗੇ ਕਿ ਅਸੀਂ ਰੂਹਾਂ ਨੂੰ ਬਚਾਉਣ ਵਾਲੇ ਨਹੀਂ ਹਾਂ ਜਾਂ ਅਸੀਂ ਦੂਜੀ ਤਰ੍ਹਾਂ ਫਲ ਦੇਣ ਵਿਚ ਨਾਕਾਮ ਰਹੇ ਹਾਂ। ਬਲਕਿ ਇਹ ਸਿਖਾਉਂਦੀ ਹੈ ਕਿ ਸਾਡਾ ਨਾਸ ਇਸ ਲਈ ਹੋਵੇਗਾ, *ਕਿਉਂਕਿ ਸਾਡਾ ਸਬੰਧ ਯਿਸੂ ਦੇ ਨਾਲ ਸਹੀ ਨਹੀਂ ਹੈ*। ਆਇਤ 6 ਫੇਰ ਵੇਖੋ: ''*ਜੋ ਕੋਈ ਮੇਰੇ ਵਿਚ ਨਾ ਰਹੇ,* ਤਾਂ ਉਹ ਟਹਿਣੀ ਦੀ ਨਿਆਈਂ ਬਾਹਰ ਸੁੱਟਿਆ ਜਾਂਦਾ ਹੈ ਅਤੇ ਸੁੱਕ ਜਾਂਦਾ ਹੈ ਅਰ ਲੋਕ ਉਨ੍ਹਾਂ ਨੂੰ ਇਕੱਠਿਆਂ ਕਰ ਕੇ ਅੱਗ ਵਿਚ ਝੋਕਦੇ ਹਨ ਅਤੇ ਉਹ ਸਾੜੀਆਂ ਜਾਂਦੀਆਂ ਹਨ।''

ਆਪਣੇ ਵਿਸ਼ਵਾਸ ਨੂੰ ਅੱਗੇ ਨਾ ਦੱਸਣ ਵਾਲੇ ਕੁਝ ਲੋਕ ਬਹਾਨੇ ਲੱਭਦੇ ਹਨ: ਉਹ ਕਹਿੰਦੇ ਹਨ, ''ਮੈਨੂੰ ਸ਼ਰਮ ਆਉਂਦੀ ਹੈ,'' ਜਾਂ ''ਲੋਕ ਸੁਣਦੇ ਨਹੀਂ ਹਨ'' ਜਾਂ ''ਮੈਂ ਚੰਗਾ ਪ੍ਰਚਾਰਕ ਨਹੀਂ ਹਾਂ,'' ਜਾਂ ਮੈਨੂੰ ਜ਼ਿਆਦਾ ਗਿਆਨ ਨਹੀਂ ਹੈ, ਜਾਂ ''ਮੇਰੇ ਕੋਲ ਸਮਾਂ ਨਹੀਂ ਹੈ।'' ਉਹ *ਕਾਰਣ* ਲੱਭਦੇ ਹਨ ਜਦਕਿ ਉਨ੍ਹਾਂ ਨੂੰ ਸਬੰਧ ਲੱਭਣਾ ਚਾਹੀਦਾ ਹੈ। ਪੌਲੁਸ ਲਿਖਦਾ ਹੈ, ''*ਉਹ ਦੇ ਵਿਚ ਜੋ ਮੈਨੂੰ ਬਲ ਦਿੰਦਾ ਹੈ ਮੈਂ* ਸੱਭੋ ਕੁਝ ਕਰ ਸਕਦਾ ਹਾਂ'' (ਫ਼ਿਲਿੱਪੀਆਂ 4:13)।

## ਫਲ ਦੇਣ ਦੀ ਸ਼ਰਤ

ਹੁਣ ਜਦਕਿ ਅਸੀਂ ਫਲ ਦੇਣ ਦੀ ਮੁਖ ਗੱਲ ਅਰਥਾਤ ਸੱਚੀ ਵੇਲ ਨਾਲ ਆਪਣੇ ਸਬੰਧ ਨੂੰ ਕਾਇਮ ਕਰ ਲਿਆ ਹੈ, ਆਓ ਕੁਝ ਸਮਾਂ ਫਲ ਦੇਣ ਦੀਆਂ ਕੁਝ ਵਿਵਹਾਰਿਕ ਗੱਲਾਂ ਦਾ ਪਤਾ ਲਾਉਣ ਵਿਚ ਲਾਉਂਦੇ ਹਾਂ। ਕੁਝ ਲੋਕਾਂ ਦਾ ਵਿਚਾਰ ਹੈ ਕਿ ਖੁਸ਼ਖਬਰੀ ਦੇ ਯੋਗ ਫਲ ਦੇਣਾ ਅਰਥਾਤ ਦੂਜਿਆਂ ਨੂੰ ਇੰਜੀਲ ਦੱਸਣ ਲਈ ਪਾਣੀ ਵਾਂਗ ਬੋਲਣ ਵਾਲਾ ਅਰਥਾਤ ਇਕ ਚੰਗੇ ਸੇਲਜ਼ਮੈਨ ਦੀ ਖ਼ੂਬੀ ਹੋਣਾ[9] ਜਾਂ ਬਹੁਤ ਬੁੱਧਵਾਨ ਹੋਣਾ ਜ਼ਰੂਰੀ ਹੈ। ਇਸ ਆਇਤ ਵਿਚ ਇਹੋ ਜਿਹਾ ਕੋਈ ਸੁਝਾਅ ਨਹੀਂ ਹੈ, ਬਲਕਿ ਇਹ ਚਾਰ ਪੂਰਵ ਸ਼ਰਤਾਂ ਦੱਸਦੀ ਹੈ।

(1) *ਨਰਮ ਮਨ।* ਖ਼ੁਦਾ ਕਿਸਾਨ ਹੈ (ਯੂਹੰਨਾ 15:1) ਉਹ ਅੰਗੂਰ ਦੀ ਵੇਲ ਦਾ ਮਾਲਕ ਹੈ। ਉਹ ਫਲ ਦੇਣ ਵਾਲੀਆਂ ਟਹਿਣੀਆਂ ਨੂੰ ਛਾਂਟਦਾ ਹੈ (ਆਇਤ 2)। ਸਾਡੇ ਸਭਨਾਂ ਵਿਚ ਕੁਝ ਬੁਰੀਆਂ ਗੱਲਾਂ ਹੁੰਦੀਆਂ ਹਨ, ਜਿਨ੍ਹਾਂ ਦਾ ਛਾਂਗਿਆ ਜਾਣਾ ਜ਼ਰੂਰੀ ਹੈ। ਮੇਰਾ ਉਸ ਦੇ ਅਤੇ ਯਿਸੂ ਦੇ ਅਧੀਨ ਹੋਣਾ ਜ਼ਰੂਰੀ ਹੈ। ਮਸੀਹ ਨੇ ਕਿਹਾ, ''ਜੇਕਰ ਤੁਸੀਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ ਤਾਂ ਮੇਰੇ ਪ੍ਰੇਮ ਵਿਚ ਰਹੋਗੇ ਜਿਵੇਂ ਕਿ ਮੈਂ ਆਪਣੇ ਪਿਤਾ ਦੇ ਹੁਕਮਾਂ ਦੀ ਪਾਲਨਾ ਕੀਤੀ ਹੈ ਅਤੇ ਉਹ ਦੇ ਪ੍ਰੇਮ ਵਿਚ ਰਹਿੰਦਾ ਹਾਂ'' (ਆਇਤ 10)।

(2) *ਸੁਚੇਤ ਮਨ।* ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ, ''ਤੁਸੀਂ ਤਾਂ ਉਸ ਬਚਨ ਕਰਕੇ ਜੋ ਮੈਂ ਤੁਹਾਨੂੰ ਕਿਹਾ ਹੈ। ਸਾਫ਼ ਹੋ ਚੁੱਕੇ'' (ਆਇਤ 3)। ''ਸਾਫ਼'' ਸ਼ਬਦ ਉਸੇ ਯੂਨਾਨੀ ਸ਼ਬਦ ਤੋ ਲਿਆ ਗਿਆ ਹੈ, ਜਿਸ ਤੋਂ ''ਛਾਂਗਣਾ'' (ਆਇਤ 2) ਖ਼ੁਦਾ ਦੇ ''ਛਾਂਗਣ ਦਾ ਔਜ਼ਾਰ'' ਮੁੱਖ ਤੌਰ ਤੇ ਉਸ ਦਾ ਵਚਨ ਹੈ। ਮਸੀਹ ਨੇ ਉਨ੍ਹਾਂ ਗਿਆਰਾਂ ਨੂੰ ਦੱਸਿਆ ਕਿ ''ਜੇ ... ਮੇਰੀਆਂ *ਗੱਲਾਂ* ਤੁਹਾਡੇ ਵਿਚ ਰਹਿਣ ਤਾਂ ਜੋ ਚਾਹੋ ਮੰਗੋ ਅਤੇ ਉਹ ਤੁਹਾਡੇ ਲਈ ਹੋ ਜਾਵੇਗਾ'' (ਆਇਤ 7)।

ਫਲ ਦੇਣ ਲਈ ਖ਼ਾਸ ਕਰਕੇ ਇੰਜੀਲ ਦੇ ਯੋਗ ਫਲ ਦੇਣ ਲਈ ਖ਼ੁਦਾ ਦੇ ਵਚਨ ਦਾ ਗਿਆਨ

ਹੋਣਾ ਜ਼ਰੂਰੀ ਹੈ। ਬਾਈਬਲ ਅਧਿਐਨ ਅਤੇ ਰੂਹਾਂ ਨੂੰ ਜਿੱਤਣਾ ਨਾਲ ਨਾਲ ਚੱਲਦੇ ਹਨ। ਜੇ ਮੈਨੂੰ ਵਚਨ ਦਾ ਗਿਆਨ ਹੋਵੇਗਾ ਤਾਂ ਮੈਂ ਇਸ ਨੂੰ ਦੂਜਿਆਂ ਨੂੰ ਜ਼ਰੂਰ ਦੱਸਣਾ ਚਾਹਾਂਗਾ; ਅਤੇ ਜੇ ਮੈਂ ਦੂਜਿਆਂ ਨੂੰ ਦੱਸਦਾ ਹਾਂ, ਤਾਂ ਮੈਨੂੰ ਇਸ ਨੂੰ ਹੋਰ ਸਿੱਖਣਾ ਪਵੇਗਾ। ਯਿਸੂ ਨੇ ਕਿਹਾ, ''ਧੰਨ ਓਹ ਜਿਹੜੇ ਧਰਮ ਦੇ ਭੁੱਖੇ ਤੇ ਤਿਹਾਏ ਹਨ ਕਿਉਂ ਜੋ ਉਹ ਰਜਾਏ ਜਾਣਗੇ'' (ਮੱਤੀ 5:6)। ਸੁਆਦੀ ਖਾਣਾ ਬਣਾਉਣ ਲਈ ਸਖ਼ਤ ਮਿਹਨਤ ਕਰਨੀ ਜ਼ਰੂਰੀ ਹੈ, ਅਤੇ ਖ਼ੁਦਾ ਦੇ ਵਚਨ ਦੇ ''ਸੁਆਦ'' ਨੂੰ ਵਧਾਉਣ ਲਈ ਪ੍ਰਭੂ ਲਈ ਕੁਝ ਕਹਿਣਾ ਅਤੇ ਖ਼ਾਸ ਕਰਕੇ ਸੱਚਾਈ ਦੱਸਦੇ ਰਹਿਣਾ ਜ਼ਰੂਰੀ ਹੈ।

(3) *ਸਮਰਪਿਤ ਮਨ।* ਸਾਨੂੰ ਯਿਸੂ ਦੇ ਨਾਲ ਬਣੇ ਰਹਿਣ ਲਈ ਆਪਣੇ ਆਪ ਨੂੰ ਸਮਰਪਿਤ ਕਰਨਾ ਜ਼ਰੂਰੀ ਹੈ। ਯੂਹੰਨਾ 15 ਵਿਚ ਉਸ ਦਾ ਸੰਦੇਸ਼ ਹੈ ''ਮੇਰੇ ਵਿਚ ਰਹੋ'' (ਆਇਤ 4)। ਆਇਤ 7 ਉਹ ਉਸ ਨੇ ਕਿਹਾ, ''*ਜੇ* ਤੁਸੀਂ ਮੇਰੇ ਵਿਚ ਰਹੋ,'' ਤਾਂ ਤੁਹਾਨੂੰ ਖ਼ਾਸ ਬਰਕਤਾਂ ਮਿਲਣਗੀਆਂ। ਅਸੀਂ ਵੇਖਿਆ ਹੈ ਕਿ ਕਈ ਤਰ੍ਹਾਂ ਨਾਲ ਪ੍ਰਭੂ ਦੇ ਨਾਲ ਸਾਡਾ ਸਬੰਧ ਵੇਲ ਦੀਆਂ ਟਹਿਣੀਆਂ ਵਾਲਾ ਹੈ। ਪਰ ਇਕ ਪਹਿਲੂ ਇਸ ਤੁਲਨਾ ਵਿਚ ਨਹੀਂ ਹੈ: ਟਹਿਣੀਆਂ ਦੀ ਆਪਣੀ ਕੋਈ ਪਸੰਦ ਨਹੀਂ ਹੁੰਦੀ ਕਿ ਵੇਲ ਦੇ ਨਾਲ ਬਣੀਆਂ ਰਹਿਣ ਜਾਂ ਨਹੀਂ, ਪਰ ਅਸੀਂ ਆਪਣੀ ਮਰਜ਼ੀ ਮੁਤਾਬਿਕ ਕਰਦੇ ਹਾਂ।

ਬਾਈਬਲ ਵਿਸ਼ਵਾਸੀ ਆਦਮੀ ਦੇ ਬਚਾਅ ਬਾਰੇ ਦੱਸਦੀ ਹੈ, ਪਰ ਵਿਸ਼ਵਾਸ ਤੋਂ ਪਿੱਛੇ ਹਟਣ ਦੀਆਂ ਅਸੰਭਾਵਨਾਵਾਂ ਦੀ ਗੱਲ ਨਹੀਂ ਕਰਦੀ। ਯੂਹੰਨਾ 15 ਦੱਸਦਾ ਹੈ ਕਿ ਅੰਗੂਰ ਦੀ ਵੇਲ ਨਾਲ ਜੁੜੇ ਰਹਿਣ ਤੇ ਵੀ ਮੈਨੂੰ ਕੱਟ ਕੇ ''ਅੱਗ ਵਿਚ ਸੁੱਟਿਆ'' ਜਾ ਸਕਦਾ ਹੈ। ਜੇ ਮੈਂ ਬਚਿਆ ਰਹਿਣਾ ਚਾਹੁੰਦਾ ਹਾਂ ਤਾਂ ਮੇਰੇ ਲਈ ਪ੍ਰਭੂ ਵਿਚ *ਬਣੇ ਰਹਿਣਾ* ਜ਼ਰੂਰੀ ਹੈ। ਨਿਆਂ ਦੇ ਦਿਨ, ਮੈਂ ਬਪਤਿਸਮੇ ਦਾ ਸਰਟੀਫ਼ਿਕੇਟ[10] ਕੱਢ ਕੇ ਇਹ ਨਹੀਂ ਕਹਿ ਸਕਦਾ, ''ਵੇਖੋ, ਮੈਂ ਫਲਾਣੇ ਫਲਾਣੇ ਦਿਨ ਬਪਤਿਸਮਾ ਲਿਆ ਸੀ। ਤੁਹਾਨੂੰ ਮੈਨੂੰ ਅੰਦਰ *ਰੱਖਣਾ ਹੀ* ਪਵੇਗਾ।'' ਬਪਤਿਸਮਾ ਮੁਕਤੀ ਦੇਣ ਲਈ ਜ਼ਰੂਰੀ ਹੈ, ਪਰ ਪ੍ਰਭੂ ਦੇ ਵਫ਼ਾਦਾਰ ਬਣੇ ਰਹਿਣਾ ਵੀ ਓਨਾ ਹੀ ਜ਼ਰੂਰੀ ਹੈ (ਪ੍ਰਕਾਸ਼ ਦੀ ਪੋਥੀ 2:10)। ''ਮਸੀਹ ਵਿਚ'' ਬਪਤਿਸਮਾ ਲੈਣਾ ਹੀ ਨਹੀਂ (ਰੋਮੀਆਂ 6:3, 4; ਗਲਾਤੀਆਂ 3:26, 27), ਬਲਕਿ ''ਮਸੀਹ ਵਿਚ'' *ਬਣੇ ਰਹਿਣਾ* ਵੀ ਓਨਾ ਹੀ ਜ਼ਰੂਰੀ ਹੈ (ਰੋਮੀਆਂ 3:24; 6:11, 23; 8:1, 39; 2 ਕੁਰਿੰਥੀਆਂ 2:14; ਫ਼ਿਲਿੱਪੀਆਂ 4:7, 19; 1 ਥੱਸਲੁਨੀਕੀਆਂ 4:16)।

(4) *ਪੱਕਾ ਭਰੋਸਾ।* ਟਹਿਣੀਆਂ ਦਾ ਸੁਭਾਅ ਵਧਣਾ ਹੈ। ਵਧਣਾ ਬੰਦ ਕਰਦਿਆਂ ਹੀ, ਉਹ ਮਰ ਜਾਂਦੀਆਂ ਹਨ। ਕਿਸੇ ਨੇ ਲਿਖਿਆ ਹੈ, ''ਜੇ ਰੁੱਖ ਦੇ ਸਿਰੇ ਤੇ ਨਵੀਆਂ ਟਹਿਣੀਆਂ ਨਹੀਂ ਹਨ, ਤਾਂ ਸਮਝ ਲਵੋ ਕਿ ਮੌਤ ਨੇ ਇਸ ਦੀਆਂ ਜੜ੍ਹਾਂ ਤੇ ਹਮਲਾ ਕਰ ਦਿੱਤਾ ਹੈ।'' ਮੈਨੂੰ ਅਤੇ ਤੁਹਾਨੂੰ ਇਹ ਭਰੋਸਾ ਕਰਨਾ ਜ਼ਰੂਰੀ ਹੈ ਕਿ ਮਸੀਹੀ ਹੋਣ ਦੇ ਨਾਤੇ ਖ਼ੁਦਾ ਦੀ ਮਦਦ ਨਾਲ ਅਸੀਂ ਜ਼ਰੂਰ *ਵਧੀਏ।* ਖ਼ਾਸ ਕਰਕੇ, ਸਾਨੂੰ ਫਲ ਦੇਣ ਲਈ ਵੱਧਣ ਦੀ ਲੋੜ ਹੈ। ਯੂਹੰਨਾ 15 ''ਫਲ'' (ਆਇਤ 2), ਦੀ ਗੱਲ ਕਰਦਾ ਹੈ, ਪਰ ''ਬਹੁਤਾ ਫਲ'' (ਆਇਤਾਂ 5, 8) ਅਤੇ ''*ਹੋਰ ਵੀ* ਫਲ'' (ਆਇਤ 2) । ਦੀ ਵੀ ਗੱਲ ਕਰਦਾ ਹੈ।

## ਫਲ ਲਿਆਉਣ ਦੇ ਨਤੀਜੇ

ਸਰਮਨ ਦੇ ਅਖ਼ੀਰ ਵਿਚ, ਆਓ ਫਲ ਦੇਣ ਦੇ ਕੁਝ ਹਾਂ ਪੱਖੀ ਨਤੀਜਿਆਂ ਤੇ ਵਿਚਾਰ ਕਰਦੇ ਹਾਂ।[11]

*ਅਸੀਂ ਰੂਹਾਨੀ ਤੌਰ ਤੇ ਵਧਾਂਗੇ।* ਅਸੀਂ ਸਾਫ਼ ਹੋਵਾਂਗੇ; ਅਸੀਂ ''ਬਹੁਤਾ ਫਲ'' (ਆਇਤਾਂ 5, 8) ਬਲਕਿ ''ਹੋਰ ਵੀ ਫਲ'' ਦੇਵਾਂਗੇ (ਆਇਤ 2)। ਇਸ ਸਰਮਨ ਵਿਚ ਸ਼ੁਭ ਸਮਚਾਰ ਦੇ ਯੋਗ ਫਲ ਦੇਣ ਤੇ ਜ਼ੋਰ ਦਿੱਤਾ ਗਿਆ ਹੈ। ਰੂਹਾਂ ਬਚਾਉਣ ਨਾਲੋਂ ਵਧਕੇ ਰੂਹਾਨੀ ਵਿਕਾਸ ਦੀ ਕੋਈ ਹੋਰ ਗੱਲ ਮਸੀਹ ਦੇ ਕੰਮ ਵਿਚ ਮੈਨੂੰ ਨਹੀਂ ਲੱਗਦੀ।

*ਸਾਡੀਆਂ ਦੁਆਵਾਂ ਦਾ ਜਵਾਬ ਮਿਲੇਗਾ* (ਆਇਤ 7)। ਜੇ ਦੁਆ ਦੀ ਤੁਹਾਡੀ ਜ਼ਿੰਦਗੀ ਉਹੋ

ਜਿਹੀ ਨਹੀਂ ਹੈ ਜਿਵੇਂ ਹੋਣੀ ਚਾਹੀਦੀ ਹੈ, ਤਾਂ ਯਿਸੂ ਨਾਲ ਆਪਣੇ ਸਬੰਧ ਦੀ ਸਮੀਖਿਆ ਕਰੋ ਅਤੇ ਆਪਣੇ ਆਪ ਤੋਂ ਪੁੱਛੋ ਕਿ ਕੀ ਤੁਸੀਂ ਫਲ ਦੇ ਰਹੇ ਹੋ ਜਾਂ ਨਹੀਂ।

*ਖ਼ੁਦਾ ਦੀ ਵਡਿਆਈ ਹੋਵੇਗੀ* (ਆਇਤ 8)। ਯਾਦ ਰੱਖੋ ਕਿ ਅੰਗੂਰੀ ਵੇਲ ਉਸ ਦੀ ਹੈ ਅਤੇ ਉਹ ਹੀ ਕਿਸਾਨ ਹੈ। ਟਹਿਣੀਆਂ ਦੇ ਫਲ ਲਿਆਉਣ ਨਾਲ ਉਸ ਦੀ ਵਡਿਆਈ ਹੋਵੇਗੀ।

*ਅਸੀਂ ਆਪਣੇ ਆਪ ਨੂੰ ਯਿਸੂ ਦੇ ਸੱਚੇ ਚੇਲੇ ਦੇ ਤੌਰ ਤੇ ਵਿਖਾਵਾਂਗੇ* (ਆਇਤ 8)।

*ਤੁਹਾਨੂੰ ਖੁਸ਼ੀ ਮਿਲੇਗੀ* (ਆਇਤ 11)। ਪੌਲੁਸ ਨੇ ਬਦਲਣ ਵਾਲਿਆਂ ਨੂੰ ਆਪਣਾ ''ਅਨੰਦ ਅਤੇ ਮੁਕਟ'' ਕਿਹਾ (ਫ਼ਿਲਿੱਪੀਆਂ 4:1)। ਯੂਹੰਨਾ ਨੇ ਕਿਹਾ ਕਿ ''ਇਸ ਤੋਂ ਵੱਡਾ ਹੋਰ ਕੋਈ ਅਨੰਦ ਨਹੀਂ'' ਕਿ ਉਹ ਇਹ ਸੁਣੇ ਕਿ ਉਸ ਦੇ ''ਬੱਚੇ ਸਚਿਆਈ ਉੱਤੇ ਚੱਲਦੇ ਹਨ'' (3 ਯੂਹੰਨਾ 4)।

*ਰੂਹਾਂ ਬਚਾਈਆਂ ਜਾਣਗੀਆਂ*–ਸਾਡੀਆਂ ਅਤੇ ਦੂਜਿਆਂ ਦੀਆਂ।

## ਸਾਰ

ਮੈਨੂੰ ਇਕ ਕਿਰਿਆਸ਼ੀਲ ਮੰਡਲੀ ਦਾ ਹਿੱਸਾ ਬਣਨਾ ਚੰਗਾ ਲੱਗਦਾ ਹੈ। ਅਜਿਹੇ ਮਸੀਹੀ ਲੋਕਾਂ ਦੇ ਨਾਲ ਹੋਣਾ ਜੋ ਖੁਸ਼ ਅਤੇ ਮਸਰੂਫ਼ ਰਹਿੰਦੇ ਹਨ, ਕਿੰਨਾ ਰੋਮਾਂਚਕਾਰੀ ਹੈ। ਤਾਂ ਵੀ ਮੈਨੂੰ ਡਰ ਹੈ ਕਿ ਅਸੀਂ ਬਹੁਤ ਸਾਰੇ ''ਪ੍ਰੋਜੈਕਟਾਂ'' ਵਿਚ ਰਹਿ ਕੇ ਉਲਝ ਸਕਦੇ ਹਾਂ? ਜਿਸ ਨਾਲ ਸਾਡਾ ਧਿਆਨ ਇਸ ਗੱਲ ਵੱਲ ਨਾ ਜਾਵੇ ਕਿ ਪ੍ਰਭੂ ਦੀ ਕਲੀਸੀਆ ਦੇ ਤੌਰ ਤੇ ਸਾਡੇ ਲਈ ਕੀ ਕਰਨਾ ਜ਼ਰੂਰੀ ਹੈ। ਕਈ ਵਾਰ ਅਸੀਂ ਇਸ ਗੱਲ ਨੂੰ ਭੁੱਲ ਜਾਂਦੇ ਹਾਂ ਕਿ ਸਾਡੇ ਹੋਣ ਦਾ ਕਾਰਣ ਖ਼ੁਦਾ ਲਈ ਫਲ ਦੇਣਾ ਹੈ। ਫਲ ਦੇਣ ਦਾ ਹੋਰ ਕੋਈ ਬਦਲ ਨਹੀਂ ਹੈ। ਖ਼ੁਦਾ ਸਾਡੀ ਸਾਰਿਆਂ ਦੀ ਮਦਦ ਕਰੇ ਕਿ ਅਸੀਂ ਉਸ ਦੇ ਲਈ ਫਲ ਦੇ ਸਕੀਏ।[12]

---

ਟਿੱਪਣੀਆਂ

[1]ਇਨ੍ਹਾਂ ਗਹਿਣਿਆਂ ਦਾ ਇਕ ਵੇਰਵਾ *ਮਸੀਹ ਦੀ ਜ਼ਿੰਦਗੀ, 5* ਕਿਤਾਬ ਵਿਚ ''ਅਤੇ ਉਹ ਚਲਿਆ ਗਿਆ'' ਪਾਠ ਵਿਚ ਮਿਲਦਾ ਹੈ। [2]ਇਸ ਸਰਮਨ ਵਿਚ ਜ਼ੋਰ ਰੂਹਾਂ ਜਿੱਤਣ ਤੇ ਹੈ, ਪਰ ਇਸ ਪਾਠ ਨੂੰ ਆਤਮਾ ਦੇ ਫਲ ਜਾਂ ਮਸੀਹ ਵਰਗਾ ਜੀਵਨ ਜੀਣ ਦੀ ਲੋੜ ਹੈ ਤੇ ਜ਼ੋਰ ਦੇਣ ਲਈ ਵੀ ਵਰਤਿਆ ਜਾ ਸਕਦਾ ਹੈ। [3]''ਫਲ'' ਸ਼ਬਦ ਦੀ ਵਰਤੋਂ ਕਈ ਥਾਂ ਹੁੰਦੀ ਹੈ। ਇਸ ਦਾ ਅਰਥ ਕਿਸੇ ਦੂਜੇ ਦੀ ਜ਼ਿੰਦਗੀ (ਮੱਤੀ 3:10; 7:16–20); ਵਿਸ਼ਵਾਸ, ਉਪਜਾਊ ਮਸੀਹੀ ਜ਼ਿੰਦਗੀ ਦਾ ਨਤੀਜਾ (ਅਫ਼ਸੀਆਂ 5:9; ਫ਼ਿਲਿੱਪੀਆਂ 1:11; ਕੁਲੁੱਸੀਆਂ 1:10; ਇਬਰਾਨੀਆਂ 12:11; ਯਾਕੂਬ 3:17, 18) ਹੈ; ਇਹ ਕੀਤੀ ਜਾਣ ਵਾਲੀ ਕੋਸ਼ਿਸ਼ ਦੇ ਈਨਾਮ ਜਾਂ ਨਤੀਜੇ ਲਈ ਵੇਖਿਆ ਜਾ ਸਕਦਾ ਹੈ (ਯੂਹੰਨਾ 4:36; 12:24)। ''ਪਹਿਲਾ ਫਲ'' ਵਾਕ (ਰੋਮੀਆਂ 8:23; 1 ਕੁਰਿੰਥੀਆਂ 15:20, 23; 16:15) ਪ੍ਰਭੂ ਨੂੰ ਭੇਂਟ ਕੀਤੇ ਜਾਣ ਵਾਲੇ ਪਹਿਲੇ ਫਲਾਂ (ਫ਼ਸਲ ਦਾ ਪਹਿਲਾ ਫਲ) ਨਾਲ ਸਬੰਧਿਤ ਪੁਰਾਣੇ ਨੇਮ ਤੇ ਅਧਾਰਿਤ ਅਲੰਕਾਰਕ ਭਾਸ਼ਾ ਹੈ। [4]ਐਲਫ਼੍ਰੇਡ ਮਾਰਸ਼ਲ, *ਦ ਇੰਟਰਲੀਨੀਅਰ ਗ੍ਰੀਕ–ਇੰਗਲਿਸ਼ ਨਿਊ ਟੈਸਟਾਮੈਂਟ,* ਜਿਲਦ 2ਜੀ (ਲੰਦਨ: ਸੈਮੂਏਲ ਬੈਗਸਟਰ ਐਂਡ ਸੰਜ਼, 1958), 136. [5]ਤੁਸੀਂ ਗੱਲ ਕਰਦੇ ਸਮੇਂ ਟੈਲੀਵਿਜ਼ਨ ਅਤੇ ਅਖ਼ਬਾਰਾਂ ਦੀਆਂ ਸੁਰਖੀਆਂ ਬਣੀ ''ਬੁਰੀ'' ਖ਼ਬਰ ਦਾ ਹਵਾਲਾ ਦੇ ਸਕਦੇ ਹੋ। [6]ਇਸ ਵਾਕ ਦੀ ਵਰਤੋਂ ਜਿੱਥੇ ਤੁਸੀਂ ਪ੍ਰਚਾਰ ਕਰ ਰਹੇ ਹੋ ਉਸ ਦੇ ਮੁਤਾਬਿਕ ਕਰੋ। ਜੇ ਤੁਸੀਂ ਕਿਸੇ ਖ਼ਾਸ ਤਰੀਕੇ ਨੂੰ ਪਹਿਲ ਦਿੰਦੇ ਹੋ, ਤਾਂ ਇਸ ਬਾਰੇ ਇਕ ਦੋ ਸ਼ਬਦ ਕਹੋ। ਤੁਸੀਂ ਕਲਾਸ ਵਿਚ ਇਹ ਵੀ ਦੱਸ ਸਕਦੇ ਹੋ ਕਿ ਇੰਜੀਲ ਦੇ ਪ੍ਰਚਾਰ ਦਾ ਕੋਈ ਖ਼ਾਸ ਤਰੀਕਾ ਕਿਸ ਤਰ੍ਹਾਂ ਵਰਤਿਆ ਜਾਵੇ। [7]ਮੈਂ ਇੱਥੇ ਇਕ ਨਿਜੀ ਉਦਾਹਰਣ ਜੋੜਦਾ ਹਾਂ: ਮੈਂ ਆਪਣੇ ਗੰਜੇ ਸਿਰ ਤੇ ਹੱਥ ਮਾਰਦੇ ਹੋਏ ਕਹਿੰਦਾ ਹਾਂ,

''ਮੇਰੇ ਲਈ ਵਾਲ ਉਗਾਉਣ ਦਾ ਟੌਨਿਕ ਗਰੰਟੀ ਨਾਲ ਵੇਚਣਾ ਔਖਾ ਹੋਵੇਗਾ।'' [8]''ਕਲੋਰੋਫਿਲ'' ਯੂਨਾਨੀ ਸ਼ਬਦ ਦਾ ਬਦਲਵਾਂ ਸ਼ਬਦ ਹੈ ਜਿਸ ਦਾ ਅਰਥ ਹੈ ''ਹਰਾ।'' ਇਹ ਪੱਤਿਆਂ ਵਿਚ ਹਰਾ ਰੰਗ ਦੇਣ ਬਾਰੇ ਹੈ। [9]ਅਮਰੀਕਾ ਵਿਚ ਮੈਂ ਆਖ ਸਕਦਾ ਹਾਂ, ''ਸਾਡੇ ਵਿੱਚੋਂ ਕਈ ਲੋਕ ਸੁਪਰ ਬਾਊਲ ਵਿਖੇ ਪੰਜਾਹ ਗਜ਼ ਲਾਈਨ ਵਿਚ ਇਕ ਸੀਟ ਪੰਜਾਹ ਸੈਂਟ ਵਿਚ ਵੇਚ ਨਹੀਂ ਸਕੇ।'' [10]ਮੇਰੇ ਆਪਣੇ ਬਪਤਿਸਮੇ ਦਾ ਇਹੋ ਜਿਹਾ ਕੋਈ ਦਸਤਾਵੇਜ਼ ਮੇਰੇ ਕੋਲ ਨਹੀਂ ਹੈ, ਪਰ ਜਿਨ੍ਹਾਂ ਮੰਡਲੀਆਂ ਵਿਚ ਮੈਂ ਕੰਮ ਕੀਤਾ ਹੈ, ਉਨ੍ਹਾਂ ਵਿਚ ਅਸੀਂ ਬਪਤਿਸਮਾ ਲੈਣ ਵਾਲਿਆਂ ਨੂੰ ਬਪਤਿਸਮਾਂ ਦਾ ਪ੍ਰਮਾਣ ਪੱਤਰ ਦੇਣ ਲੱਗੇ ਹਾਂ। ਜਿੱਥੇ ਤੁਸੀਂ ਰਹਿੰਦੇ ਹੋ ਜੇ ਉੱਥੇ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਇਹ ਵਾਕ ਜੋੜ ਲਵੋ।

[11]ਦਿੱਤੀਆਂ ਗਈਆਂ ਆਇਤਾਂ ਪੜ੍ਹੀਆਂ ਜਾ ਸਕਦੀਆਂ ਹਨ, ਅਤੇ ਭਾਗਾਂ ਨੂੰ ਵਿਸਤਾਰ ਦਿੱਤਾ ਜਾ ਸਕਦਾ ਹੈ। [12]ਸੱਦਾ ਦਿੰਦੇ ਹੋਏ, ਇਕ ਪਸ਼ਚਾਤਾਪੀ ਵਿਸ਼ਵਾਸੀ ਨੂੰ ਮਸੀਹ ਵਿਚ ਬਪਤਿਸਮਾ ਲੈਣ ਦੀ ਲੋੜ ਤੇ ਜ਼ੋਰ ਦੇਣਾ ਅਤੇ ਫਿਰ ਮਸੀਹ ਵਿਚ ਬਣੇ ਰਹਿਣ ਦੀ ਲੋੜ ਤੇ ਜ਼ੋਰ ਦੇਣਾ ਜ਼ਰੂਰੀ ਹੈ। ਜਿਸ ਕਿਸੇ ਨੇ ਬਪਤਿਸਮਾ ਨਹੀਂ ਲਿਆ ਜਾਂ ਪ੍ਰਭੂ ਤੋਂ ਦੂਰ ਹੋ ਗਿਆ ਹੈ, ਉਸ ਨੂੰ ਮੰਨਣ ਲਈ ਉਤਸ਼ਾਹਿਤ ਕਰੋ।